# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times | 16 ਫਰਵਰੀ 2024 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਵੈਨਕੂਵਰ ਵਿਚਾਰ ਮੰਚ ਦੇ ਲੇਖਕਾਂ ਨੇ ਉਸਤਾਦ ਸ਼ਾਇਰ ਦੀਪਕ ਜੈਤੋਈ ਨੂੰ ਯਾਦ ਕੀਤਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 16 ਫਰਵਰੀ : ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨ ਪੰਜਾਬੀ ਦੇ ਉਸਤਾਦ ਸ਼ਾਇਰ ਦੀਪਕ ਜੈਤੋਈ ਦੀ ਬਰਸੀ ਦੇ ਮੌਕੇ ਯਾਦ ਕਰਦਿਆਂ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਸੰਬੰਧ ਵਿਚ ਮੰਚ ਦੀ ਵਿਸ਼ੇਸ਼ ਮੀਟਿੰਗ ਮੰਚ ਦੇ ਸਰਪ੍ਰਸਤ ਤੇ ਉੱਘੇ ਨਾਵਲਕਾਰ ਜਰਨੈਲ ਸਿੰਘ ਸੇਖਾ ਦੀ ਪ੍ਰਧਾਨਗੀ ਹੇਠ ਜਰਨੈਲ ਆਰਟ ਗੈਲਰੀ ਸਰੀ ਵਿਖੇ ਹੋਈ।

ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਦੀਪਕ ਜੈਤੋਈ ਨੂੰ ਯਾਦ ਕਰਦਿਆਂ ਜਰਨੈਲ ਸਿੰਘ ਸੇਖਾ ਨੇ ਉਹਨਾਂ ਨਾਲ ਹੋਈਆਂ ਆਪਣੀਆਂ ਮੁਲਾਕਾਤਾਂ ਦਾ ਜ਼ਿਕਰ ਕੀਤਾ ਤੇ ਯਾਦਾਂ ਸਾਂਝੀਆਂ ਕੀਤੀਆਂ। ਉਹਨਾਂ ਦੀ ਉਸਤਾਦੀ ਦਾ ਨਿੱਘ ਮਾਨਣ ਵਾਲੇ ਜੈਤੋ ਦੇ ਸ਼ਾਇਰ ਹਰਦਮ ਸਿੰਘ ਮਾਨ ਨੇ ਉਸਤਾਦ ਸ਼ਾਇਰ ਨਾਲ ਬਿਤਾਏ ਦਿਨਾਂ ਨੂੰ ਯਾਦ ਕੀਤਾ। ਉਸ ਨੇ ਦੀਪਕ ਜੈਤੋਈ ਸਾਹਿਬ ਦੀ ਸਾਦਗੀ ਅਤੇ ਫੱਕਰਾਨਾ ਤਬੀਅਤ



ਦੀ ਗੱਲ ਕੀਤੀ। ਉਹਨਾਂ ਬਹੁਤ ਹੀ ਪਿਆਰੇ ਗੀਤ ਲਿਖੇ ਜੋ ਪੰਜਾਬੀਆਂ ਦੇ ਜ਼ੁਬਾਨ ਉੱਤੇ ਲੋਕ ਗੀਤਾਂ ਵਾਂਗ ਚੜ੍ਹ ਗਏ। ਪੰਜਾਬੀ ਗੀਤਕਾਰੀ ਤੇ ਗਾਇਕੀ ਦੇ ਖੇਤਰ ਵਿੱਚ ਉਨ੍ਹਾਂ ਜਦੋਂ ਬੇਹੱਦ ਨਿਘਾਰ ਦੇਖਿਆ ਤਾਂ ਉਹਨਾਂ ਗੀਤਕਾਰੀ ਵੱਲੋਂ ਮੂੰਹ ਮੋੜ ਲਿਆ ਅਤੇ ਗ਼ਜ਼ਲ ਦੇ ਖੇਤਰ ਵੱਲ ਨੂੰ ਆਪਣਾ ਰੁਖ਼ ਕੀਤਾ। ਪੰਜਾਬੀ ਵਿੱਚ ਗ਼ਜ਼ਲ ਲਿਖਣ ਦੇ ਚੈਲਿੰਜ ਨੂੰ ਕਬੂਲ ਕਰਦਿਆਂ ਉਨ੍ਹਾਂ ਉਸਤਾਦ ਸ਼ਾਇਰ ਦਾ ਦਰਜਾ ਹਾਸਿਲ ਕੀਤਾ ਅਤੇ ਦੀਪਕ ਗ਼ਜ਼ਲ ਸਕੂਲ ਰਾਹੀਂ ਸੈਂਕੜੇ ਨਵੇਂ ਗ਼ਜ਼ਲਗੋਆ ਦੀ ਰਹਿਨੁਮਾਈ ਕੀਤੀ। ਹਰਦਮ ਸਿੰਘ ਮਾਨ ਨੇ ਉਹਨਾਂ ਦੇ ਰੋਜ਼ਾਨਾ ਜੀਵਨ ਤੇ ਰੋਜ਼ਾਨਾ ਦੇ ਕੰਮ ਕਾਜ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਅਤੇ ਆਪਣੀ ਸ਼ਰਧਾਂਜਲੀ ਉਹਨਾਂ ਨੂੰ ਭੇਂਟ ਕੀਤੀ।

ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਪੰਜਾਬੀ ਗਜ਼ਲ ਨੂੰ ਪੈਰਾਂ ਸਿਰ ਖੜ੍ਹੀ ਕਰਨ ਅਤੇ ਇਸ ਦੇ ਪਾਸਾਰ ਵਿੱਚ ਉਸਤਾਦ ਦੀਪਕ ਜੈਤੋਈ ਦਾ ਬਹੁਤ ਵੱਡਾ ਯੋਗਦਾਨ ਹੈ ਜੋ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ। ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਨੇ ਜੈਤੋ ਵਿਖੇ ਉਹਨਾਂ ਨਾਲ ਹੋਈਆਂ ਆਪਣੀਆਂ ਮੁਲਾਕਾਤਾਂ ਅਤੇ ਯਾਦਾਂ ਬਾਰੇ ਦਸਦਿਆਂ ਕਿਹਾ ਕਿ ਉਹ ਬਹੁਤ ਹੀ ਨਿਮਰ ਅਤੇ ਸਾਫ਼ਗੋ ਇਨਸਾਨ ਸਨ। ਅੰਗਰੇਜ਼ ਬਰਾੜ ਨੇ ਉਹਨਾਂ ਦੇ ਗੀਤਾਂ ਦੀ ਗੱਲ ਕੀਤੀ ਅਤੇ ਕਿਹਾ ਕਿ 'ਆਹ ਲੈ ਮਾਈ ਸਾਂਭ ਕੁੰਜੀਆਂ...' ਅਤੇ 'ਗੱਲ ਸੋਚ ਕੇ ਕਰੀ ਤੂੰ ਜ਼ੈਲਦਾਰਾ...' ਗੀਤ ਅੱਜ ਵੀ ਪੰਜਾਬੀਆਂ ਵਿਚ ਹਰਮਨ ਪਿਆਰੇ ਹਨ। ਪੰਜਾਬੀ ਲੋਕ ਗੀਤਾਂ ਦਾ ਦਰਜਾ ਹਾਸਲ ਕਰ ਚੁੱਕੇ ਇਹਨਾਂ ਗੀਤਾਂ ਨੂੰ ਅੱਜ ਹੀ ਪੰਜਾਬੀ ਆਪਣੇ ਆਪ ਵਿਚ ਮਾਣ ਮਹਿਸੂਸ ਕਰ ਰਹੇ ਹਨ।

## ਪ੍ਰਸਿੱਧ ਕਾਰੋਬਾਰੀ ਰਾਜਵੰਤ ਸਿੰਘ ਗਰੇਵਾਲ ਨੂੰ ਸਦਮਾ- ਜਵਾਨ ਪੁੱਤਰ ਜਗਦੇਵ ਸਿੰਘ ਸੁਰਗਵਾਸ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 16 ਫਰਵਰੀ : ਲੁਧਿਆਣਾ ਦੇ ਪ੍ਰਸਿੱਧ ਕਾਰੋਬਾਰੀ ਸ. ਰਾਜਵੰਤ ਸਿੰਘ ਗਰੇਵਾਲ (ਰਿਵੇਰਾ ਰੀਜ਼ਾਰਟਸ) ਦੇ ਨੌਜਵਾਨ ਸਪੁੱਤਰ ਜਗਦੇਵ ਸਿੰਘ ਗਰੇਵਾਲ (47) ਦਾ ਅੱਜ ਸਵੇਰੇ ਸੰਖੇਪ ਬੀਮਾਰੀ ਉਪਰੰਤ ਸਤਿਗੁਰੂ ਪਰਤਾਪ ਸਿੰਘ ਹਸਪਤਾਲ ਲੁਧਿਆਣਾ ਵਿੱਚ ਦੇਹਾਂਤ ਹੋ ਗਿਆ ਹੈ। ਉਹ 47 ਸਾਲਾਂ ਦੇ ਸਨ।

ਰਾਜਵੰਤ ਸਿੰਘ ਗਰੇਵਾਲ ਦੇ ਨਿੱਕੇ ਸਪੁੱਤਰ ਦਲਜੀਤ ਸਿੰਘ ਗਰੇਵਾਲ ਤੋਂ ਮਿਲੀ ਜਾਣਕਾਰੀ ਅਨੁਸਾਰ ਜਗਦੇਵ ਸਿੰਘ ਦਾ ਅੰਤਿਮ ਸੰਸਕਾਰ ਮਿਤੀ 19 ਫਰਵਰੀ, 2024 ਦਿਨ ਸੋਮਵਾਰ ਸ਼ਾਮ 4 ਵਜੇ ਪਿੰਡ ਦਾਦ ਦੇ ਪੱਖੋਵਾਲ ਰੋਡ, ਲੁਧਿਆਣਾ ਸਥਿਤ ਸ਼ਮਸ਼ਾਨ ਘਾਟ ਵਿਚ ਕੀਤਾ ਜਾਵੇਗਾ।

ਜਗਦੇਵ ਸਿੰਘ ਗਰੇਵਾਲ ਦੇ ਦੇਹਾਂਤ ਦੀ ਖ਼ਬਰ ਮਿਲਦਿਆਂ ਸਮਾਜ ਦੇ ਵੱਖ ਵੱਖ ਵਰਗਾਂ ਵੱਲੋਂ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਤੇ ਸ: ਰਾਜਵੰਤ ਸਿੰਘ ਦੇ ਸਹਿਪਾਠੀ ਪ੍ਰੋ. ਗੁਰਭਜਨ ਸਿੰਘ ਗਿੱਲ, ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਅਹਿਬਾਬ ਸਿੰਘ ਗਰੇਵਾਲ, ਪਿੰਡ ਦਾਦ ਦੇ ਸਰਪੰਚ ਸ. ਜਗਦੀਸ਼ਪਾਲ ਸਿੰਘ ਗਰੇਵਾਲ ਨੇ ਤੁਰੰਤ ਉਨ੍ਹਾਂ ਦੀ ਸਰਾਭਾ ਨਗਰ ਸਥਿਤ ਰਿਹਾਇਸ਼ਗਾਹ ਤੇ ਪਹੁੰਚ ਤੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।

## ਇਮੀਗ੍ਰੇਸ਼ਨ ਦੇ ਨਾਮ ਤੇ ਲੋਕਾਂ ਨਾਲ਼ ਕਰੋੜਾਂ ਦੀ ਠੱਗੀ ਸਮੇਤ ਕੁੱਝ ਠੱਗਾਂ ਵੱਲੋਂ ਲੜਕੀਆਂ ਦਾ ਸ਼ਰੀਰਕ ਸ਼ੋਸ਼ਣ ਕੀਤੇ ਜਾਣ ਦੀਆਂ ਗੱਲਾਂ ਆਈਆਂ ਸਾਹਮਣੇਂ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ




ਬਠਿੰਡਾ, 16 ਫ਼ਰਵਰੀ : ਪੰਜਾਬ ਵਿੱਚ ਵਧ ਰਹੀ ਬੇਰੋਜ਼ਗਾਰੀ ਅਤੇ ਨੌਜਵਾਨਾਂ ਦੀ ਮਾਨਸਿਕਤਾ ਦਾ ਕਈ ਕਥਿਤ ਇੰਮੀਗ੍ਰੇਸ਼ਨ ਏਜੰਟ ਖੂਬ ਫਾਇਦਾ ਉਠਾ ਰਹੇ ਹਨ। ਕਿਸੇ ਟਾਈਮ ਮਸ਼ਹੂਰ ਰਹੇ ਬਨਾਰਸ ਦੇ ਠੱਗਾਂ ਨੂੰ ਵੀ ਇਸ ਧੰਦੇ ਵਿੱਚ ਸ਼ਾਮਿਲ ਕੁੱਝ ਲੋਕ ਮਾਤ ਪਾਉਂਦੇ ਦਿਖਾਈ ਦੇ ਰਹੇ ਹਨ। ਆਪਣੇ ਬੱਚਿਆਂ ਦੀ ਜ਼ਿੱਦ ਜਾਂ ਉਨ੍ਹਾਂ ਦੇ ਵਿਦੇਸ਼ਾਂ ਪ੍ਰਤੀ ਦੇਖੇ ਗਏ ਸੁਪਨਿਆਂ ਕਾਰਨ ਉਹਨਾਂ ਦੇ ਮਾਂ ਬਾਪ ਆਪਣੀ ਜ਼ਮੀਨ ਗਹਿਣੇ ਕਰਕੇ ਜਾਂ ਵੇਚ ਕੇ, ਆਪਣੇ ਸੋਨੇ ਆਦਿ ਦੇ ਗਹਿਣੇ ਵੇਚ ਜਾਂ ਮੋਟੇ ਵਿਆਜ ਦਰ ਉੱਤੇ ਕਰਜ਼ਾ ਲੈਕੇ ਇਹਨਾ ਕਥਿਤ ਏਜੰਟਾਂ ਕੋਲ ਆਪਣੇ ਲੱਖਾਂ ਰੁਪਏ ਫਸਾ ਬੈਠਦੇ ਹਨ ਪਰ ਅਜਿਹੇ ਕਥਿਤ ਏਜੰਟ ਇਹਨਾ ਲੋਕਾਂ ਦੀ ਮਿਹਨਤ ਦੀ ਕਮਾਈ ਉੱਤੇ ਐਸ਼ ਕਰਦੇ ਆ ਰਹੇ ਹਨ । ਇੱਥੋਂ ਤੱਕ ਕਿ ਕੁੱਝ ਏਜੰਟਾਂ ਨੂੰ ਵਿਦੇਸ਼ਾਂ ਦੀ ਫਾਈਲ ਲਗਾਉਣ ਦਾ ਜ਼ਰਾ ਵੀ ਤਜ਼ਰਬਾ ਨਹੀਂ ਅਤੇ ਉਹ ਇਹਨਾ ਫਾਈਲਾਂ ਨੂੰ ਅੱਗੇ ਏਜੰਟਾਂ ਨੂੰ ਭੇਜ ਵਿੱਚੋਂ ਮੋਟਾ ਕਮਿਸ਼ਨ ਖਾਂਦੇ ਹਨ। ਇਹਨਾ ਏਜੰਟਾਂ ਨੇ ਬਕਾਇਦਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦਫ਼ਤਰ ਤੋਂ ਲਾਇਸੈਂਸ ਵੀ ਲੈ ਰੱਖੇ ਹਨ ਅਤੇ ਇਹਨਾ ਵੱਲੋਂ ਗ੍ਰਾਹਕਾਂ ਨੂੰ ਫਸਾਉਣ ਲਈ ਅਜਿਹੇ ਸੇਲਜ ਏਜੰਟ ਰੱਖੇ ਹੁੰਦੇ ਹਨ ਜਿੰਨਾ ਨੂੰ ਲੋਕਾਂ ਦੀ ਨਬਜ਼ ਟੋਹਣ ਅਤੇ ਉਨ੍ਹਾਂ ਨੂੰ ਗੱਲਾਂ ਵਿੱਚ ਫਸਾਉਣ ਦਾ ਚੰਗਾ ਤਜ਼ਰਬਾ ਹੁੰਦਾ ਹੈ।ਇਹ ਏਜੰਟ ਲੋਕਾਂ ਦਾ ਕਰੋੜਾਂ ਰੁਪਈਆ ਕਈ ਸਾਲਾਂ ਤੋਂ ਵਰਤਦੇ ਆ ਰਹੇ ਹਨ ਅਤੇ ਜਦੋਂ ਵੀਜ਼ਾ ਦੇਣ ਦੀ ਗੱਲ ਆਉਂਦੀ ਹੈ ਤਾਂ ਕਿਸੇ ਨਾ ਕਿਸੇ ਬਹਾਨੇ ਠੇਂਗਾ ਦਿਖਾ ਦਿੰਦੇ ਹਨ। ਜਦੋਂ ਕੋਈ ਜਿਆਦਾ ਹੀ ਰੌਲਾ ਪਾਉਂਦਾ ਦਿਖਾਈ ਦਿੰਦਾ ਹੈ ਤਾਂ ਇਹ ਲੋਕ ਕਿਸੇ ਹੋਰ ਗ੍ਰਾਹਕ ਤੋ ਪੈਸਾ ਲੈਕੇ ਇਹਨਾ ਨੂੰ ਟਿਕਾ ਦਿੰਦੇ ਹਨ।ਲੋਕ ਵੀ ਆਪਣੇ ਬੱਚਿਆਂ ਦੇ ਭਵਿੱਖ ਕਾਰਨ ਜਿਆਦਾ ਰੌਲਾ ਰੱਪਾ ਪਾਉਣ ਤੋਂ ਗੁਰੇਜ਼ ਹੀ ਕਰਦੇ ਹਨ ਜਿਸਦਾ ਫਾਇਦਾ ਅਜਿਹੇ ਇੰਮੀਗ੍ਰੇਸ਼ਨ ਏਜੰਟ ਖੂਬ ਉਠਾਉਂਦੇ ਹਨ। ਇਸ ਬਾਰੇ ਜਦੋਂ ਡੂੰਘਾਈ ਨਾਲ ਪੜਤਾਲ ਕੀਤੀ ਗਈ ਤਾਂ ਕਈ ਹੈਰਾਨੀਜਨਕ ਤੱਥ ਸਾਹਮਣੇ ਆਏ। ਕੁੱਝ ਏਜੰਟ ਤਾਂ ਐਸੇ ਵੀ ਹਨ ਜਿੰਨਾ ਦਾ ਪਿਛਲੇ ਕਈ ਸਾਲਾਂ ਤੋਂ ਇੱਕ ਵੀ ਵੀਜ਼ਾ ਨਹੀਂ ਆਇਆ ਪਰ ਕਿਸੇ ਹੋਰ ਏਜੰਟਾਂ ਦੇ ਆਏ ਹੋਏ ਵੀਜਿਆਂ ਨੂੰ ਆਪਣਾ ਦਿਖਾ ਇਹ ਲੋਕ ਗ੍ਰਾਹਕਾਂ ਨੂੰ ਭਰਮਾ ਰਹੇ ਹਨ। ਸਾਡੀ ਟੀਮ ਵੱਲੋਂ ਇਸ ਬਾਰੇ ਜਦੋਂ ਡੂੰਘਾਈ ਨਾਲ ਪੜਤਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਇੱਕ ਕਥਿਤ ਏਜੰਟ ਪਹਿਲਾਂ ਪੰਜਾਬ ਦੇ ਇੱਕ ਵੱਡੇ ਸ਼ਹਿਰ ਚੋਂ ਲੋਕਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰ ਕੁੱਝ ਸਾਲ ਪਹਿਲਾਂ ਬਠਿੰਡਾ ਆਇਆ ਸੀ। ਸੂਤਰਾਂ ਮੁਤਾਬਕ ਉਸਦਾ ਰਿਕਾਰਡ ਮਾੜਾ ਹੋਣ ਕਾਰਨ ਉਸਨੇ ਆਪਣੇ ਇੱਕ ਬਹੁਤ ਨਜ਼ਦੀਕੀ ਰਿਸ਼ਤੇਦਾਰ ਦੇ ਨਾਮ ਤੇ ਡੀ ਸੀ ਦਫਤਰ ਬਠਿੰਡਾ ਤੋਂ ਲਾਇਸੈਂਸ ਹਾਸਲ ਕਰਨ ਉਪਰੰਤ ਅਜੀਤ ਰੋਡ ਤੇ ਇਮੀਗ੍ਰੇਸ਼ਨ ਦਾ ਧੰਦਾ ਸ਼ੁਰੂ ਕਰ ਲਿਆ। ਲੋਕਾਂ ਤੋਂ ਇੱਕਠੇ ਕੀਤੇ ਪੈਸਿਆਂ ਨਾਲ ਉਕਤ ਏਜੰਟ ਨੇ ਆਪਣੇ ਦਫ਼ਤਰ ਨੂੰ ਸਜਾਉਣ ਚ ਕੋਈ ਕਸਰ ਨਾ ਛੱਡੀ ਤਾਂ ਕਿ ਗ੍ਰਾਹਕਾਂ ਨੂੰ ਵੱਡੇ ਤੋਂ ਵੱਡਾ ਦਿਖਾਵਾ ਕਰਕੇ ਭਰਮਾਇਆ ਜਾਵੇ। ਭਰੋਸੇਯੋਗ ਸੂਤਰਾਂ ਦੀ ਮੰਨੀਏ ਤਾਂ ਉਕਤ ਵੱਲੋਂ ਕੁੱਝ ਸੁੰਦਰ ਲੜਕੀਆਂ ਨੂੰ ਆਪਣੇ ਦਫ਼ਤਰ ਸਟਾਫ਼ ਚ ਰੱਖ ਜਿੱਥੇ ਖੁਦ ਉਹਨਾਂ ਦਾ ਸ਼ਰੀਰਕ ਸ਼ੋਸ਼ਣ ਕੀਤਾ ਉੱਥੇ ਉਹਨਾਂ ਲੋੜਵੰਦ ਲੜਕੀਆਂ ਨੂੰ ਗ੍ਰਾਹਕਾਂ ਸਮੇਤ ਇੱਕ ਖ਼ਾਸ ਮਹਿਕਮੇ ਦੇ ਅਫ਼ਸਰਾਂ ਅੱਗੇ ਵੀ ਪਰੋਸਿਆ। ਉਕਤ ਏਜੰਟ ਦੇ ਦਫਤਰ ਕੰਮ ਕਰਨ ਵਾਲੇ ਇੱਕ ਸਟਾਫ਼ ਮੈਂਬਰ ਨੇ ਨਾਮ ਨਾ ਛਾਪਣ ਦੀ ਸ਼ਰਤ ਤੇ ਇੱਥੋਂ ਤੱਕ ਦੱਸਿਆ ਕਿ ਇਸ ਏਜੰਟ ਨੂੰ ਇੱਕ ਖੂਬਸੂਰਤ ਲੜਕੀ ਨੇ ਵਿਆਹ ਉਪਰੰਤ ਉਸ ਨਾਲ ਸਬੰਧਾਂ ਕਾਰਨ ਕੁੱਝ ਸਮਾਂ ਬਲੈਕਮੇਲ਼ ਕਰਦਿਆਂ ਪੈਸੇ ਵੀ ਵਸੂਲ ਕੀਤੇ।

ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਪੰਜੇ ਉਂਗਲਾਂ ਬਰਾਬਰ ਨਹੀ ਹੁੰਦੀਆਂ ਉਵੇਂ ਹੀ ਬਠਿੰਡਾ ਵਿੱਚ ਇਮੀਗ੍ਰੇਸ਼ਨ ਦਾ ਕੰਮ ਕਰਨ ਵਾਲੇ ਕੁੱਝ ਅਜਿਹੇ ਵੀ ਏਜੰਟ ਹਨ ਜਿਹੜੇ ਪੂਰੀ ਜ਼ਿੰਮੇਵਾਰੀ ਨਾਲ ਆਪਣਾ ਕੰਮ ਕਰਦੇ ਹਨ ਪਰ ਉਹਨਾਂ ਦੀ ਗਿਣਤੀ ਆਟੇ ਚ ਲੂਣ ਮਾਤਰ ਰਹਿ ਗਈ ਹੈ। ਜਿਆਦਾਤਰ ਏਜੰਟ ਲੋਕਾਂ ਦੇ ਖ਼ੂਨ ਪਸੀਨੇ ਨਾਲ ਕਮਾਇਆ ਕਰੋੜਾਂ ਰੁਪਇਆ ਇਕਠਾ ਕਰ ਸ਼ਹਿਰ ਛੱਡ ਜਾਣ ਨੂੰ ਤਰਜੀਹ ਦੇ ਰਹੇ ਹਨ।

ਸਾਡੇ ਵੱਲੋਂ ਉਕਤ ਏਜੰਟ ਦਾ ਵੀ ਨਾਮ ਨਾ ਛਾਪਣ ਦਾ ਇਹੀ ਕਾਰਨ ਹੈ ਕਿ ਸਾਡਾ ਮਕਸਦ ਇੱਥੇ ਕਿਸੇ ਨੂੰ ਬਦਨਾਮ ਕਰਨ ਦਾ ਨਾ ਹੋਕੇ ਸਿਰਫ਼ ਸਮਾਜ ਨੂੰ ਇਹੀ ਸੁਨੇਹਾ ਦੇਣਾ ਹੈ ਕਿ ਸਰਕਾਰਾਂ ਦੀ ਮਿਲੀਭੁਗਤ ਨਾਲ਼ ਇਮੀਗ੍ਰੇਸ਼ਨ ਦੀ ਆੜ੍ਹ ਚ ਕੁੱਝ ਸਵਾਰਥੀ ਲੋਕ ਨਾ ਸਿਰਫ਼ ਲੋਕਾਂ ਨੂੰ ਕਰੋੜਾਂ ਰੁਪਏ ਦਾ ਚੂਨਾ ਲਗਾ ਰਹੇ ਹਨ ਬਲਕਿ ਕੁੱਝ ਲੋੜਵੰਦ ਅਤੇ ਮਜ਼ਬੂਰ ਲੜਕੀਆਂ ਦਾ ਵੀ ਫ਼ਾਇਦਾ ਚੁੱਕਦੇ ਹਨ।

ਲੋਕਾਂ ਨੂੰ ਵੀ ਚਾਹੀਦਾ ਹੈ ਕਿ ਅਜਿਹੇ ਕਥਿਤ ਏਜੰਟਾਂ ਦੀ ਠੱਗੀ ਦਾ ਖੁਲਾਸਾ ਕਰਦਿਆਂ ਇਹਨਾ ਦਾ ਚਿਹਰਾ ਲੋਕਾਂ ਸਾਹਮਣੇ ਨੰਗਾ ਕੀਤਾ ਜਾਵੇ ਅਤੇ ਇਹਨਾ ਦੀ ਸ਼ਿਕਾਇਤ ਪੁਲਿਸ ਪ੍ਰਸ਼ਾਸ਼ਨ ਨੂੰ ਕੀਤੀ ਜਾਵੇ।

## ਪਿਕਸ ਵੱਲੋਂ 22 ਫਰਵਰੀ ਨੂੰ ਵੈਨਕੂਵਰ ਵਿਖੇ ਲੱਗੇਗਾ 'ਮੈਗਾ ਜੌਬ ਫੇਅਰ-2024'

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 16 ਫਰਵਰੀ : ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ (PICS) ਵੱਲੋਂ 22 ਫਰਵਰੀ 2024 ਨੂੰ ਵੈਨਕੂਵਰ ਵਿਖੇ 'ਮੈਗਾ ਜੌਬ ਫੇਅਰ-2024' ਕਰਵਾਇਆ ਜਾ ਰਿਹਾ ਹੈ। ਬੁੱਡਵੇ ਸਕਾਈਟਰੇਨ ਸਟੇਸ਼ਨ ਦੇ ਨੇੜੇ ਕ੍ਰੋਏਸ਼ੀਅਨ ਕਲਚਰਲ ਸੈਂਟਰ ਵਿੱਚਇਹ ਜੌਬ ਫੇਅਰ ਸਵੇਰੇ 9:30 ਵਜੇ ਸ਼ੁਰੂ ਹੋਵੇਗਾ ਅਤੇ ਦੁਪਹਿਰ 3 ਵਜੇ ਸਮਾਪਤ ਹੋਵੇਗਾ।

ਇਹ ਜਾਣਕਾਰੀਦਿੰਦਿਆਂ PICS ਦੀ ਮਾਰਕੀਟਿੰਗ, ਸੰਚਾਰ ਅਤੇ ਫੰਡਰੇਜ਼ਿੰਗ ਅਫਸਰ ਫਲਕ ਬੇਤਾਬ ਨੇ ਦੱਸਿਆ ਹੈ ਕਿ ਮੈਗਾ ਜੌਬ ਫੇਅਰ ਪਿਕਸ ਦੇ ਰੋਜ਼ਗਾਰ ਸੇਵਾਵਾਂ ਪ੍ਰੋਗਰਾਮਾਂ ਲਈ ਹਾਲਮਾਰਕ ਈਵੈਂਟ ਹੈ। ਇਸ ਰਾਹੀਂ ਨੌਕਰੀ ਲੱਭਣ ਵਾਲਿਆਂ ਨੂੰ ਰੁਜ਼ਗਾਰ ਦੇਣ ਵਾਲਿਆਂ ਨਾਲ ਸਿੱਧੇ ਤੌਰ 'ਤੇ ਜੁੜਨ ਅਤੇ ਲੇਬਰ ਮਾਰਕੀਟ ਵਿੱਚ ਉਪਲਬਧ ਅਣਗਿਣਤ ਮੌਕਿਆਂ ਦੀ ਪੜਚੋਲ ਕਰਨ ਦਾ ਅਨਮੋਲ ਮੌਕਾ ਪ੍ਰਦਾਨ ਹੋਵੇਗਾ। ਇਸ ਤੋਂ ਇਲਾਵਾ ਹਾਜ਼ਰੀਨ ਕਮਿਊਨਿਟੀ ਸੇਵਾ ਪ੍ਰਦਾਨ ਕਰਨ ਵਾਲਿਆਂ ਅਤੇ ਵਿਦਿਅਕ ਸੰਸਥਾਵਾਂ ਦੁਆਰਾ ਪੇਸ਼ ਕੀਤੇ ਸਰੋਤਾਂ ਤੱਕ ਪਹੁੰਚ ਕਰਨ ਦਾ ਲਾਭ ਲੈ ਸਕਣਗੇ। ਇਹ ਇਵੈਂਟ ਆਪਣੀ ਪਹਿਲੀ ਨੌਕਰੀ ਦੀ ਭਾਲ ਕਰ ਰਹੇ ਨਵੇਂ ਵਿਅਕਤੀਆਂ, ਵਰਕ ਫੋਰਸ ਵਿੱਚ ਸ਼ਾਮਲ ਹੋਣ ਵਾਲੇ ਵਿਅਕਤੀਆਂ ਜਾਂ ਆਪਣੇ ਕਰੀਅਰ ਨੂੰ ਅੱਗੇ ਵਧਾਉਣ ਦਾ ਟੀਚਾ ਰੱਖਣ ਵਾਲੇ ਵਿਅਕਤੀਆਂ ਲਈ ਖੁੱਲ੍ਹਾ ਹੈ।




ਉਨ੍ਹਾਂ ਕਿਹਾ ਕਿ PICS ਕੈਨੇਡਾ ਵਿੱਚ ਇੱਕ ਹਰਮਨ ਪਿਆਰੀ ਗ਼ੈਰ-ਲਾਭਕਾਰੀ ਸੰਸਥਾ ਹੈ, ਜੋ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਰੁਜ਼ਗਾਰ ਸੰਬੰਧੀ ਸੇਵਾਵਾਂ, ਬੰਦੋਬਸਤ ਸੇਵਾਵਾਂ, ਸੀਨੀਅਰ ਹਾਊਸਿੰਗ, ਕਮਿਊਨਿਟੀ ਸੇਵਾਵਾਂ ਅਤੇ ਹੋਰ ਬਹੁਤ ਸਾਰੇ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੀ ਹੈ।

ਨੌਕਰੀ ਮੇਲੇ ਜਾਂ PICS ਪ੍ਰੋਗਰਾਮਾਂ ਬਾਰੇ ਕਿਸੇ ਵੀ ਪੁੱਛਗਿੱਛ ਲਈ ਫਲਕ ਬੇਤਾਬ ਨਾਲ ਫੋਨ ਨੰਬਰ : 604.596.7722×103 ਜਾਂ Email: phalak.betab@pics.bc.ca 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਐਸਸੀ /ਬੀਸੀ ਅਧਿਆਪਕ ਯੂਨੀਅਨ ਵੱਲੋਂ ਲੁਧਿਆਣਾ ਵਿਖੇ ਨਿਯੁਕਤ ਹੋਏ ਜਿਲਾ ਸਿੱਖਿਆ ਅਫਸਰ (ਐਲੀ:) ਲਲਿਤਾ ਅਰੋੜਾ ਦੀ ਨਿਯੁਕਤੀ ਦਾ ਸਵਾਗਤ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 16 ਫ਼ਰਵਰੀ : ਐਸਸੀ /ਬੀਸੀ ਅਧਿਆਪਕ ਅਤੇ ਮੁਲਾਜ਼ਮਾਂ ਦੇ ਹਿੱਤਾਂ ਦੀ ਪੈਰਵਾਈ ਕਰਨ ਵਾਲੀ ਜਥੇਬੰਦੀ ਐਸਸੀ/ ਬੀਸੀ ਅਧਿਆਪਕ ਯੂਨੀਅਨ ਦੀ ਲੁਧਿਆਣਾ ਇਕਾਈ ਵੱਲੋਂ ਜਿਲਾ ਪ੍ਰਧਾਨ ਭੁਪਿੰਦਰ ਸਿੰਘ ਚੰਗਣਾ ਦੀ ਅਗਵਾਈ ਹੇਠ ਜਿਲਾ ਪੱਧਰ ਦੇ ਸਿੱਖਿਆ ਅਧਿਕਾਰੀ (ਐਲੀਮੈਂਟਰੀ) ਸ੍ਰੀਮਤੀ ਲਲਿਤਾ ਅਰੋੜਾ ਦੀ ਨਿਯੁਕਤੀ ਦਾ ਸਵਾਗਤ ਕਰਦਿਆਂ ਉਨਾਂ ਨੂੰ ਗੁਲਦਸਤਾ ਭੇਟ ਕੀਤਾ। ਜਿਲਾ ਪ੍ਰੈਸ ਸਕੱਤਰ ਮਾਸਟਰ ਹਰਭਿੰਦਰ ਸਿੰਘ ਮੁੱਲਾਂਪੁਰ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਯੂਨੀਅਨ ਦੇ ਵਫਦ ਅਤੇ ਸਿੱਖਿਆ ਅਧਿਕਾਰੀ ਵਿਚਕਾਰ




ਰਸਮੀ ਗੱਲਬਾਤ ਦੌਰਾਨ ਅਧਿਆਪਕਾ ਅਤੇ ਵਿਦਿਆਰਥੀਆਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਚਰਚਾ ਹੋਈ। ਅਧਿਆਪਕਾਂ ਦੇ ਪੈਂਡਿੰਗ ਪਏ ਮਸਲਿਆਂ ਜਿਵੇਂ ਕਿ ਹੈਡ ਟੀਚਰਾਂ ਤੋਂ ਸੈਂਟਰ ਹੈਡ ਟੀਚਰਾਂ ਦੀਆਂ ਤਰੱਕੀਆਂ ਜਲਦ ਕਰਨ, 2016 ਵਿੱਚ ਬਤੌਰ ਹੈਡ ਟੀਚਰਾਂ ਪਦ ਉਨਤੀਆਂ ਦਾ ਰਿਵਿਊ ਕਰਨ ਆਦਿ ਮਸਲਿਆਂ ਤੇ ਵੀ ਵਿਚਾਰ ਵਟਾਂਦਰਾ ਹੋਇਆ । ਮੈਡਮ ਲਲਿਤਾ ਅਰੋੜਾ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਜਾਇਜ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਸਮਾਂਬੱਧ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ ।ਇਸ ਮੌਕੇ ਤੇ ਜਿਲਾ ਵਿਤ ਸਕੱਤਰ ਮਨੋਹਰ ਸਿੰਘ ਦਾਖਾ ,ਯਾਦਵਿੰਦਰ ਸਿੰਘ ਮੁੱਲਾਂਪੁਰ ,ਸੁਖਜੀਤ ਸਿੰਘ ਸਾਬਰ, ਸਤਿਨਾਮ ਸਿੰਘ ਜਗਰਾਉਂ, ਇੰਦਰਪਾਲ ਸਿੰਘ ਮੋਹੀ,ਪਰਮਿੰਦਰ ਸਿੰਘ ਮਹਿਮੂਦਪੁਰ,ਜਤਿੰਦਰਪਾਲ ਸਿੰਘ ਸੁਨੇਤ, ਜਸਵਿੰਦਰ ਸਿੰਘ ਸਾਹਨੇਵਾਲ, ਬੇਅੰਤ ਸਿੰਘ ਇਯਾਲੀ, ਨਰਿੰਦਰ ਸਿੰਘ ਅਤੇ ਹੋਰ ਮੈਂਬਰ ਵੀ ਹਾਜ਼ਰ ਸਨ।

## ਆਰਮੀ ਅਗਨੀਵੀਰ ਭਰਤੀ ਰੈਲੀ ਫਿਰੋਜ਼ਪੁਰ ਲਈ ਦਿੱਤੀ ਜਾਵੇਗੀ ਮੁਫਤ ਪੂਰਵ ਸਿਖਲਾਈ

ਬਠਿੰਡਾ, 16 ਫਰਵਰੀ: ਪੰਜਾਬ ਸਰਕਾਰ ਦੇ ਰੋਜਗਾਰ ਉਤਪੱਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਕਾਲਝਰਾਣੀ ਵੱਲੋਂ ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜਿਲਕਾ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਏ.ਆਰ.ਓ ਫਿਰੋਜ਼ਪੁਰ ਵਿਖੇ ਹੋ ਰਹੀ ਆਰਮੀ ਅਗਨੀਵੀਰ ਦੀ ਭਰਤੀ ਰੈਲੀ ਲਈ ਮੁਫਤ ਪੂਰਵ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ । ਭਰਤੀ ਦੇਖਣ ਲਈ ਪਹਿਲਾ ਆਰਮੀ ਦੀ ਵੈਬਸਾਈਟ www.joinindianarmy.nic.in ਤੇ ਆਨ-ਲਾਈਨ ਅਪਲਾਈ ਕਰਨਾ ਜ਼ਰੂਰੀ ਹੈ ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਜ਼ਿਲ੍ਹਿਆ ਦੇ ਪੂਰਵ ਸਿਖਲਾਈ ਲੈਣ ਦੇ



ਚਾਹਵਾਨ ਯੁਵਕ 20 ਫਰਵਰੀ 2024 ਤੋਂ ਕਿਸੇ ਵੀ ਦਿਨ ਸਵੇਰੇ 09:00 ਵਜੇ ਤੋਂ ਦਸਵੀ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਅਧਾਰ ਕਾਰਡ ਦੀ ਫੋਟੋ ਕਾਪੀ, ਆਰਮੀ ਲਈ ਆਨ-ਲਾਈਨ ਅਪਲਾਈ ਕੀਤੇ ਸਰਟੀਫਿਕੇਟ ਦੀ ਫੋਟੋ ਕਾਪੀ, 02 ਤਾਜਾ ਪਾਸਪੋਰਟ ਸਾਈਜ ਫੋਟੋ ਆਦਿ ਦਸਤਾਵੇਜ਼ ਲੈ ਕੇ ਪਿੰਡ ਕਾਲਝਰਾਣੀ ਵਿਖੇ ਨਿੱਜੀ ਤੌਰ ਤੇ ਕੈਂਪ ਵਿੱਚ ਪਹੁੰਚ ਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਸਾਲ 2024-25 ਲਈ ਆਰਮੀ ਦੀ ਅਗਨੀਵੀਰ ਦੀ ਭਰਤੀ ਲਈ ਰਜਿਸਟ੍ਰੇਸ਼ਨ 13 ਫਰਵਰੀ 2024 ਤੋਂ ਸ਼ੁਰੂ ਹੋ ਕੇ 22 ਮਾਰਚ 2024 ਤੱਕ ਹੋਣੀ ਹੈ । ਆਰਮੀ ਅਗਨੀਵੀਰ ਭਰਤੀ ਦਾ ਆਨਲਾਈਨ ਲਿਖਤੀ ਪੇਪਰ 22 ਅਪ੍ਰੈਲ 2024 ਨੂੰ ਹੋਵੇਗਾ । ਸਿਖਲਾਈ ਦੌਰਾਨ ਯੁਵਕਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖਾਣਾ ਅਤੇ ਰਿਹਾਇਸ਼ ਮੁਫਤ ਦਿੱਤੀ ਜਾਵੇਗੀ । ਇਹ ਜਾਣਕਾਰੀ ਕੈਂਪ ਇੰਚਾਰਜ ਸ. ਹਰਮੇਲ ਸਿੰਘ ਦੁਆਰਾ ਦਿੱਤੀ ਗਈ। ਵਧੇਰੇ ਜਾਣਕਾਰੀ ਲਈ 94641-52013, 95493-00001, 94638-31615 ਤੇ ਸੰਪਰਕ ਕੀਤਾ ਜਾ ਸਕਦਾ ਹੈ ।

## ਚਿੱਟੇ ਮੋਤੀ ਦੰਦ ਉੱਤੇ ਮਲਿਆ ਦੰਦਾਸਾ

ਵਰਲਡ ਪੰਜਾਬੀ ਟਾਈਮਜ਼
ਬਲਜਿੰਦਰ ਕੌਰ




ਪੰਜਾਬੀ ਸੱਭਿਆਚਾਰ ਬਹੁਤ ਹੀ ਅਮੀਰ ਅਤੇ ਵਿਲੱਖਣਤਾ ਭਰਿਆ ਹੈ।ਸੱਭਿਆਚਾਰ ਚ ਪਹਿਰਾਵੇ ਅਤੇ ਗਹਿਣਿਆਂ ਦੀ ਅਹਿਮੀਅਤ ਕਿਸੇ ਤੋਂ ਗੁੱਝੀ ਨਹੀਂ।ਜੋਬਨ ਮੱਤੇ ਗੱਭਰੂ ਅਤੇ ਮੁਟਿਆਰਾਂ ਆਪਣੇ ਹੁਸਨ ਨੂੰ ਚਾਰ ਚੰਨ ਲਾਉਣ ਲਈ ਸੁਰਮਾ,ਮਹਿੰਦੀ,ਵੇਸਣ ਦਾ ਲੇਪ ਆਦਿ ਦੀ ਵਰਤੋਂ ਕਰਦੇ ਹਨ।ਅੱਲੜ੍ਹ ਮੁਟਿਆਰਾਂ ਅਤੇ ਜੋਬਨ ਮੱਤੀਆਂ ਵਿਆਹਦੜ੍ਹਾਂ ਨੇ ਜਦੋਂ ਦੁੱਧ ਚਿੱਟੇ ਦੰਦਾਂ ਤੇ ਦੰਦਾਸਾ ਮਲਿਆ ਹੁੰਦਾ ਹੈ ਤਾਂ ਗੇਰੂਏ ਰੰਗੇ ਬੁੱਲ੍ਹਾਂ ਚੋਂ ਮੋਤੀਆਂ ਵਾਂਗ ਚਮਕਦੇ ਦੰਦ ਮੁਟਿਆਰ ਦੇ ਸੁਹੱਪਣ ਨੂੰ ਚੌਗੁਣਾ ਰੂਪ ਦੇ ਦਿੰਦੇ ਹਨ।
ਦੰਦਾਸਾ- ਅਖਰੋਟ ਦੇ ਦਰੱਖਤ ਦੀ ਛਿੱਲੜ ਹੁੰਦੀ ਹੈ।ਇਸਨੂੰ ਅਖਰੋਟ ਦੇ ਦਰੱਖਤ ਤੋਂ ਛਿੱਲ ਕੇ ਸੁਕਾ ਲਿਆ ਜਾਂਦਾ ਹੈ।ਪੰਜਾਬੀ ਬੋਲੀ ਚ ਇਸਨੂੰ ਰੰਗਲੀ ਦਾਤਣ ਦੀ ਸੰਗਿਆ ਵੀ ਦਿੱਤੀ ਜਾਂਦੀ ਹੈ।ਥੋੜ੍ਹੀ ਕੁੜੱਤਣ ਦੇ ਸਵਾਦ ਵਾਲਾ ਦੰਦਾਸਾ ਵਧੀਆ ਮੰਨਿਆ ਜਾਂਦਾ ਹੈ।ਕਿਸੇ ਵੇਲੇ ਪਿਸ਼ਾਵਰ ਦਾ ਦੰਦਾਸਾ ਮਸ਼ਹੂਰ ਮੰਨਿਆ ਜਾਂਦਾ ਸੀ।ਦੰਦਾਸੇ ਨੂੰ ਮੂੰਹ ਵਿੱਚ ਪਾਕੇ ਦਾਤਣ ਦੀ ਤਰ੍ਹਾਂ ਚਬਾਇਆ ਜਾਂਦਾ ਹੈ।ਮੁਟਿਆਰਾਂ ਆਪਣੇ ਦੰਦਾਂ ਨੂੰ ਹੋਰ ਚਮਕਾਉਣ ਲਈ ਇਸਦੀ ਵਰਤੋਂ ਕਰਦੀਆਂ ਸਨ।ਅੱਜਕਲ੍ਹ ਇਸਦਾ ਰੁਝਾਨ ਕਾਫੀ ਘਟ ਗਿਆ ਹੈ।ਰੰਗਲੇ ਦੰਦਾਸੇ ਦਾ ਔਰਤ ਦੇ ਬੁੱਲ੍ਹਾਂ ਤੇ ਚੜ੍ਹਿਆ ਰੰਗ ਕਈ ਦਿਨ ਰਹਿੰਦਾ ਹੈ।ਇੱਕ ਲੋਕ ਗੀਤ ਇਸ ਗੱਲ ਦੀ ਗਵਾਹੀ ਦਿੰਦਾ ਹੈ;
"ਚਿੱਟੇ ਦੰਦ ਬੁੱਲ੍ਹੀਂ ਲਾਲ ਦੰਦਾਸਾ
ਹਾੜ੍ਹਾ ਈ ਰੱਬ ਖੈਰ ਕਰੇ"
ਦੰਦਾਸਾ ਸੱਭਿਆਚਾਰਕ ਰਿਵਾਜ਼ ਚ ਸੁਹਾਗ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਇਹ ਸੱਭਿਆਚਾਰਕ ਗੀਤ ਵਿੱਚ ਇਸਦਾ ਜ਼ਿਕਰ ਇਉਂ ਕੀਤਾ ਗਿਆ ਹੈ:-
"ਕਿਹੜਾ ਮਲਿਆ ਤੂੰ ਜੈਕੁਰੇ ਦੰਦਾਸਾ
ਬੁੱਲ੍ਹਾਂ ਦਾ ਰੰਗ ਗੂੜ੍ਹਾ ਹੋ ਗਿਆ"
ਦੰਦਾਸੇ ਨੂੰ ਮੂੰਹ ਚ ਪਾਕੇ ਚਬਾਉਂਦੇ ਵਕਤ ਅਤੇ ਦੰਦਾਂ ਉੱਤੇ ਮਲਦਿਆਂ ਬੁੱਲ੍ਹਾਂ ਤੋਂ ਦੂਰ ਰੱਖਿਆ ਜਾਂਦਾ ਹੈ,ਕਿਉਂਕਿ ਵਾਰ ਵਾਰ ਬੁੱਲ੍ਹਾਂ ਨਾਲ ਛਹਾਉਣ ਅਤੇ ਹਵਾ ਲੱਗਣ ਨਾਲ ਬੁੱਲ੍ਹ ਫਟ ਜਾਂਦੇ ਹਨ। ਦੰਦਾਸਾ ਦੰਦਾਂ ਅਤੇ ਬੁੱਲ੍ਹਾਂ ਤੇ ਮਲਣ ਤੋਂ ਬਾਅਦ ਛਾਂ ਵਿੱਚ ਸੁੱਟਿਆ ਜਾਂਦਾ ਸੀ, ਕਿਉਂਕਿ ਇਹ ਧਾਰਨਾ ਪ੍ਰਚੱਲਿਤ ਸੀ ਕਿ ਚੱਬਣ ਤੋਂ ਬਾਅਦ ਤੋਂ ਦੰਦਾਸਾ ਧੁੱਪ ਚ ਸੁੱਟਣ ਨਾਲ ਬੁੱਲ੍ਹ ਫਟ ਜਾਂਦੇ ਹਨ। ਦੰਦਾਸਾ ਵੀ ਸਾਡੇ ਸੱਭਿਆਚਾਰ ਦਾ ਅਟੁੱਟ ਅਤੇ ਅਨਿੱਖੜਵਾਂ ਅੰਗ ਹੈ। ਇਸਨੂੰ ਔਰਤਾਂ ਦੇ ਸੁਹਾਗ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ।ਵਿਆਹ ਤੋਂ ਪਹਿਲਾਂ ਸਹੁਰੇ ਪਰਿਵਾਰ ਵੱਲੋਂ ਨੂੰਹ ਨੂੰ ਜੋ ਸੁਗਾਤ ਵਾਲੀ ਗੁਥਲੀ ਭੇਜੀ ਜਾਂਦੀ ਹੈ, ਉਸ ਵਿੱਚ ਸੁਰਮਾ, ਬਿੰਦੀਆਂ, ਸੁਰਖੀ, ਪਾਊਡਰ, ਚੂੜੀਆਂ ਦੇ ਨਾਲ ਦੰਦਾਸਾ ਵੀ ਸੁਹਾਗ ਦੇ ਚਿੰਨ੍ਹ ਵਜੋਂ ਭੇਜਿਆ ਜਾਂਦਾ ਹੈ।
ਪੰਜਾਬੀ ਸ਼ਾਇਰੀ ਦੇ ਬਾਬਾ ਬੋਹੜ੍ਹ ਸੁਰਜੀਤ ਪਾਤਰ ਦੇ ਗੀਤ ਚ ਦੰਦਾਸੇ ਜ਼ਿਕਰ ਆਉਂਦਾ ਹੈ;
"ਹੋਠਾਂ ਤੋਂ ਹਾਸਾ ਮਰਗਿਆ ਦੰਦਾਸਾ ਰਹਿ ਗਿਆ,
ਇਹੀ ਰਹਿਣ ਦੇ ਹਾਸਿਆਂ ਦਾ ਭਰਮ ਪਾਉਣ ਨੂੰ,
ਦਿਲ ਤਾਂ ਬਹੁਤ ਕਰਦਾ ਹੈ, ਮੇਰਾ ਮਿਲਣ ਆਉਣ ਨੂੰ"
ਇਹ ਅਖਰੋਟ ਦੇ ਦਰੱਖਤ ਦੀ ਛਿੱਲੜ ਰੂਪੀ ਦੰਦਾਸਾ ਬਜ਼ਾਰ ਚ ਆਮ ਵਿਕਦਾ ਹੈ। ਪਰ ਪੇਂਡੂ ਮੁਟਿਆਰਾਂ ਦੀ ਦੰਦਾਸਾ ਅੱਜ ਵੀ ਪਹਿਲੀ ਪਸੰਦ ਹੈ। ਸੁਹਾਗਣ ਦੇ ਸ਼ਿੰਗਾਰ ਦੀਆਂ ਹੋਰ ਵਸਤਾਂ ਨਾਲੋਂ ਇਸਨੂੰ ਅਲੱਗ ਨਹੀਂ ਕੀਤਾ ਜਾ ਸਕਦਾ।

## ਕਦੇ ਕਿਸੇ ਨੂੰ ਛੋਟਾ ਨਾ ਸਮਝੋ




ਵਰਲਡ ਪੰਜਾਬੀ ਟਾਈਮਜ਼
ਨੀਲਮ

ਇੱਕ ਛੋਟੀ ਜਿਹੀ ਕੀੜੀ ਸਾਡੇ ਪੈਰ ਨੂੰ ਕੱਟ ਸਕਦੀ ਹੈ, ਪਰ ਅਸੀਂ ਉਸ ਦੇ ਪੈਰ ਨੂੰ ਨਹੀਂ ਕੱਟ ਸਕਦੇ, ਜੋ ਉਹ ਕਰ ਸਕਦੀ ਹੈ ਸ਼ਾਇਦ ਅਸੀਂ ਨਹੀਂ ਕਰ ਸਕਦੇ।

ਉਪਰੋਕਤ ਕਹਾਵਤ ਦਾ ਅਰਥ ਹੈ ਜ਼ਿੰਦਗੀ ਵਿੱਚ ਕਦੇ ਵੀ ਕਿਸੇ ਨੂੰ ਛੋਟਾ ਨਾ ਸਮਝੋ।ਹਰ ਹਨੇਰਾ ਮਨੁੱਖ ਨੂੰ ਦੇਖਣਾ ਤੇ ਹਰ ਠੋਕਰ ਇਨਸਾਨ ਨੂੰ ਹੋਸ਼ ਵਿੱਚ ਲਿਆਉਂਦੀ ਹੈ।ਜ਼ਿੰਦਗੀ ਵਿੱਚ ਕਦੇ ਵੀ ਕਿਸੇ ਚੀਜ਼ ਨੂੰ ਬੇਕਾਰ ਜਾਂ ਕਿਸੇ ਨੂੰ ਵੀ ਛੋਟਾ ਸਮਝਣ ਦੀ ਭੁੱਲ ਨਾ ਕਰੋ,ਕਿਉਂਕਿ ਇੱਕ ਛੋਟੇ ਜਿਹੇ ਬੀਜ ਵਿੱਚ ਇੱਕ ਵਿਸ਼ਾਲ ਦਰਖਤ ਛੁਪਿਆ ਹੋਇਆ ਹੁੰਦਾ ਹੈ। ਹਰ ਇੱਕ ਇਨਸਾਨ ਦੀ ਜ਼ਿੰਦਗੀ ਵੱਖਰੀ ਤਰ੍ਹਾ ਗੁਜ਼ਰਦੀ ਹੈ। ਦੁਨੀਆਂ ਦਾ ਹਰ ਇੱਕ ਇਨਸਾਨ ਆਪਣੇ ਵਕਤ ਦੇ ਹਿਸਾਬ ਨਾਲ ਚੱਲ ਰਿਹਾ ਹੈ। ਕੁਝ ਲੋਕ ਜੀਵਨ ਯਾਤਰਾ ਵਿੱਚ ਸਾਡੇ ਤੋਂ ਪਿੱਛੇ ਹੋਣਗੇ ਅਤੇ ਕੁਝ ਅੱਗੇ।ਕਦੇ ਵੀ ਕਿਸੇ ਨਾਲ ਆਪਣੀ ਤੁਲਨਾ ਕਰਕੇ ਖੁਦ ਜਾਂ ਸਾਹਮਣੇ ਵਾਲੇ ਬੰਦੇ ਨੂੰ ਹੀਣ ਭਾਵਨਾ ਦਾ ਸ਼ਿਕਾਰ ਨਾ ਹੋਣ ਦਿਓ।ਜ਼ਿੰਦਗੀ ਵਿੱਚ ਕੋਸਸ਼ ਕਰਦੇ ਰਹੋ, ਜਦੋਂ ਤੱਕ ਸਾਹ ਚੱਲਦੇ ਹਨ। ਇੱਕ ਨਾ ਇੱਕ ਦਿਨ ਮੰਜ਼ਿਲ ਤੇ ਜ਼ਰੂਰ ਪਹੁੰਚੋਗੇ ਅਤੇ ਆਪਣੇ ਦੇਖੇ ਸੁਪਨੇ ਸਾਕਾਰ ਕਰੋਗੇ, ਪਰ ਕੋਸ਼ਿਸ਼ ਕਰਦੇ ਸਮੇਂ ਕਦੇ ਵੀ ਕਿਸੇ ਨੂੰ ਆਪਣੇ ਤੋਂ ਘੱਟ, ਤੁਛ ਜਾਂ ਛੋਟਾ ਨਾ ਸਮਝੋ। ਪਰਮਾਤਮਾ ਦੁਆਰਾ ਬਣਾਈ ਗਈ ਇਸ ਸ੍ਰਿਸ਼ਟੀ ਵਿੱਚ ਹਰ ਇੱਕ ਚੀਜ਼, ਹਰ ਇੱਕ ਵਿਅਕਤੀ ਦੀ ਆਪਣੀ ਮਹੱਤਤਾ ਹੁੰਦੀ ਹੈ। ਸਾਨੂੰ ਕਦੇ ਵੀ ਕਿਸੇ ਵੱਡੀ ਚੀਜ਼ ਨੂੰ ਦੇਖ ਕੇ, ਛੋਟੀ ਚੀਜ਼ ਸੁੱਟ ਨਹੀਂ ਦੇਣੀ ਚਾਹੀਦੀ, ਕਿਉਂਕਿ
ਜੋ ਕੰਮ ਇੱਕ ਨਿੱਕੀ ਜਿਹੀ ਸੂਈ ਕਰ ਸਕਦੀ ਹੈ ਉਹ ਤਲਵਾਰ ਨਹੀਂ ਕਰ ਸਕਦੀ।

ਕੋਈ ਵੀ ਇਨਸਾਨ ਛੋਟਾ ਜਾਂ ਵੱਡਾ ਨਹੀਂ ਹੁੰਦਾ। ਇਹ ਬਸ ਸਾਡੀ ਸੋਚ ਹੀ ਵੱਡੀ ਛੋਟੀ ਹੁੰਦੀ ਹੈ। ਕਦੇ ਵੀ ਕਿਸੇ ਨੂੰ ਛੋਟਾ ਨਾ ਸਮਝੋ, ਚਾਹੇ ਉਹ ਦੁਸ਼ਮਣ ਹੋਵੇ,ਸੱਪ ਹੋਵੇ ਜਾਂ ਛੋਟੀ ਜਿਹੀ ਕੋਈ ਬਿਮਾਰੀ, ਕਿਉਂਕਿ ਜਦੋਂ ਇਹ ਆਵਦੀ ਹੋਂਦ ਵਿੱਚ ਆ ਜਾਂਦੇ ਹਨ ਤਾਂ ਬਹੁਤ ਨੁਕਸਾਨ ਕਰ ਦਿੰਦੇ ਹਨ। ਕਿਉਂਕਿ ਵਕਤ ਸਭ ਦਾ ਆਉਂਦਾ ਹੈ। ਵਕਤ ਆਉਂਦੇ ਹੀ ਸਾਰੇ ਆਪਣੀ ਹੱਦ ਭੁੱਲ ਜਾਂਦੇ ਹਨ। ਸਮਾਂ ਅਤੇ ਸਥਿਤੀ ਕਦੇ ਵੀ ਬਦਲ ਸਕਦੀ ਹੈ। ਸਾਨੂੰ ਕੁਦਰਤ ਦੇ ਰਹੱਸਾਂ ਨੂੰ ਸਮਝਣਾ ਚਾਹੀਦਾ ਹੈ। ਹਵਾ ਸਾਰਿਆਂ ਨੂੰ ਇੱਕੋ ਜਿਹੀ ਹਵਾ ਦਿੰਦੀ ਹੈ। ਸੂਰਜ,ਚੰਦਰਮਾ, ਤਾਰੇ ਕਿਸੇ ਨਾਲ ਭੇਦ ਭਾਵ ਨਹੀਂ ਕਰਦੇ। ਰੁਖ ਸਾਰਿਆਂ ਨੂੰ ਠੰਡੀਆਂ ਮਿੱਠੀਆਂ ਛਾਵਾਂ ਦਿੰਦੇ ਹਨ। ਫੁੱਲ ਹਮੇਸ਼ਾ ਦੂਜਿਆਂ ਲਈ ਖਿੜਦੇ ਹਨ। ਫਿਰ ਅਸੀਂ ਛੋਟੇ-ਵੱਡੇ ਵਿੱਚ ਫਰਕ ਕਰਨ ਵਾਲੇ ਕੌਣ ਹੁੰਦੇ ਹਾਂ। ਕਦੇ ਵੀ ਆਪਣੀ ਸੋਚ ਨੂੰ ਇਨੀ ਛੋਟੀ, ਸੀਮਤ ਨਾ ਕਰੋ ਕਿ ਦੂਸਰਾ ਹਰ ਵਿਅਕਤੀ ਤੁਹਾਨੂੰ ਗਲਤ ਲੱਗਣ ਲੱਗ ਜਾਵੇ।

ਭਾਂਡਾ ਖਾਲੀ ਹੋਵੇ ਤਾਂ ਇਹ ਨਾ ਸਮਝੋ ਕਿ ਮੰਗਣ ਚੱਲਿਆ ਹੈ, ਹੋ ਸਕਦਾ ਹੈ ਕਿ ਕੁਝ ਵੰਡ ਕੇ ਆਇਆ ਹੋਵੇ।

ਅੰਤ ਵਿੱਚ ਮੈਂ ਸਿਰਫ ਇਹੀ ਕਹਿਣਾ ਚਾਹੁੰਦੀ ਹਾਂ ਕਿ ਸਮਾਂ ਆਉਣ ਤੇ ਕਿਸੇ ਵੀ ਲੋੜ ਪੈ ਸਕਦੀ ਹੈ। ਇਸੇ ਲਈ ਕਦੇ ਵੀ ਕਿਸੇ ਨੂੰ ਛੋਟਾ-ਵੱਡਾ, ਅਮੀਰ-ਗਰੀਬ ਦੇ ਤਰਾਜੂ ਵਿੱਚ ਨਾ ਤੋਲੋ।ਹਰ ਇੱਕ ਦੀ ਆਪਣੀ ਮਹੱਤਤਾ ਤੇ ਲੋੜ ਹੈ।

ਜਿਵੇਂ ਰੇਤੇ 'ਚ ਡਿੱਗੀ ਹੋਈ ਖੰਡ ਕੀੜੀ ਤਾਂ ਚੁੱਕ ਸਕਦੀ ਹੈ ਪਰ ਹਾਥੀ ਨਹੀਂ।

## ਪੰਜਾਬੀ ਦਾ ਉੱਘਾ ਨਾਟਕਕਾਰ-ਰਮੇਸ਼ ਗਰਗ

ਵਰਲਡ ਪੰਜਾਬੀ ਟਾਈਮਜ਼
ਮੰਗਤ ਗਰਗ



ਨਾਟਕ ਸ਼ਬਦ ਮੂਲ ਨਾਟ ਤੋਂ ਬਣਿਆ ਹੈ। ਨਾਟ ਨੱਚਣ ਦੇ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਅੰਗਰੇਜ਼ੀ ਵਿੱਚ ਨਾਟਕ ਨੂੰ ਡਰਾਮਾ ਕਿਹਾ ਜਾਂਦਾ ਹੈ। ਸੰਸਕ੍ਰਿਤ ਵਿੱਚ ਨਾਟਕ ਨਾਲੋਂ ਰੂਪਕ ਸ਼ਬਦ ਨਾਟਕ ਲਈ ਵਧੇਰੇ ਢੁਕਵਾਂ ਹੈ। ਨਾਟਕ ਦਾ ਮੂਲ ਸ਼ਬਦ ਇਸ ਅਰਥ ਨੂੰ ਦਰਸਾਉਂਦਾ ਹੈ। ਡਰਾਮੇ ਉਹ ਰਚਨਾਵਾਂ ਹਨ ਜਿਨ੍ਹਾਂ ਵਿੱਚ ਦੂਜੇ ਲੋਕਾਂ ਦੀਆਂ ਕਿਰਿਆਵਾਂ ਦੀ ਨਕਲ ਕੀਤੀ ਜਾਂਦੀ ਹੈ ਜਿਵੇਂ ਕਿ ਉਹ ਉਹੀ ਕਰ ਰਹੇ ਹਨ। ਨਾਟਕ ਜੂਲੀਅਸ ਸੀਜ਼ਰ ਵਿਚ ਕੋਈ ਉਸ ਦੀ ਨਕਲ ਕਰਦਾ ਹੈ ਜਿਵੇਂ ਉਹ ਜੂਲੀਅਸ ਸੀਜ਼ਰ ਹੋਵੇ। ਦੂਜਿਆਂ ਦੀ ਨਕਲ ਕਰਨਾ ਮਨੁੱਖੀ ਸੁਭਾਅ ਹੈ। ਬੱਚਾ ਆਪਣੇ ਮਾਪਿਆਂ ਦੀ ਨਕਲ ਕਰਦਾ ਹੈ। ਨੌਜਵਾਨ ਬਜ਼ੁਰਗਾਂ ਦੀ ਰੀਸ ਕਰਦੇ ਹਨ। ਨਾਟਕ ਮਨੁੱਖ ਦੇ ਸੁਭਾਅ ਵਿੱਚੋਂ ਹੀ ਪੈਦਾ ਹੋਏ ਹਨ। ਇੱਕ ਗੱਲ ਹੋਰ ਹੈ। ਨਾਟਕ ਵਿੱਚ ਕਿਰਿਆਵਾਂ ਸਿਰਫ਼ ਨਕਲ ਨਹੀਂ ਕੀਤੀਆਂ ਜਾਂਦੀਆਂ। ਸੋ ਸਾਡਾ ਕਹਿਣ ਦਾ ਮਤਲਬ ਇਹ ਹੈ ਕਿ ਨਾਟਕਾਂ ਦਾ ਮੂਲ ਰੂਪ ਮਨੁੱਖ ਦੇ ਅੰਦਰਲੇ ਸੰਸਾਰ ਵਿੱਚ ਮੌਜੂਦ ਹੈ। ਬਾਹਰੀ ਸੰਸਾਰ ਵਿੱਚ ਇਸ ਦਾ ਵਿਕਾਸ ਹੌਲੀ-ਹੌਲੀ ਹੋਇਆ ਹੈ।
ਨਾਟਕ ਮਨੁੱਖ ਲਈ ਬਹੁਤ ਲਾਭਦਾਇਕ ਚੀਜ਼ ਹੈ। ਸਾਹਿਤ ਦੀ ਵਿਧਾ ਵਜੋਂ ਇਨ੍ਹਾਂ ਦਾ ਅਧਿਐਨ ਕਰਨ ਨਾਲ ਮਨੁੱਖ ਨੂੰ ਆਨੰਦ ਪ੍ਰਾਪਤੀ ਦੇ ਨਾਲ-ਨਾਲ ਮਨੁੱਖੀ ਜੀਵਨ ਦੀਆਂ ਵਿਭਿੰਨ ਸਥਿਤੀਆਂ ਬਾਰੇ ਗਿਆਨ ਵੀ ਪ੍ਰਾਪਤ ਹੁੰਦਾ ਹੈ ਅਤੇ ਇਸ ਤੋਂ ਸਹਿਜੇ ਹੀ ਕੁਝ ਸਿੱਖਿਆਵਾਂ ਵੀ ਪ੍ਰਾਪਤ ਹੁੰਦੀਆਂ ਹਨ। ਜਦੋਂ ਇਸ ਨੂੰ ਮੰਚ 'ਤੇ ਪੇਸ਼ ਕੀਤਾ ਜਾਂਦਾ ਹੈ ਤਾਂ ਇਸ ਦੀ ਉਪਯੋਗਤਾ ਹੋਰ ਵਧ ਜਾਂਦੀ ਹੈ। ਇਹ ਸਾਰੇ ਪੜ੍ਹੇ-ਲਿਖੇ ਅਤੇ ਅਨਪੜ੍ਹ ਦਰਸ਼ਕਾਂ ਦਾ ਮਨੋਰੰਜਨ ਕਰਦਾ ਹੈ। ਮਨੋਰੰਜਨ ਦੇ ਨਾਲ-ਨਾਲ ਉਨ੍ਹਾਂ ਨੂੰ ਲਾਹੇਵੰਦ ਸਿੱਖਿਆਵਾਂ ਵੀ ਮਿਲਦੀਆਂ ਹਨ। ਕਹਾਣੀ, ਨਾਵਲ, ਕਵਿਤਾ, ਆਲੋਚਨਾ, ਨਿਬੰਧ, ਸਕੈਚ, ਯਾਦਾਂ ਆਦਿ ਵਰਗੀਆਂ ਸਾਹਿਤਕ ਵਿਧਾਵਾਂ ਵਾਂਗ ਨਾਟਕ ਲਿਖਣਾ ਵੀ ਸਾਹਿਤਕ ਵਿਧਾ ਹੈ। ਆਮ ਤੌਰ 'ਤੇ ਚੰਗੇ ਨਾਟਕ ਦੀ ਪਛਾਣ ਇਹ ਹੁੰਦੀ ਹੈ ਕਿ ਉਸ ਵਿਚ ਨਾਟਕ ਦੇ ਸਾਰੇ ਤੱਤ ਮੌਜੂਦ ਹੁੰਦੇ ਹਨ ਅਤੇ ਇਸ ਦੇ ਨਾਲ ਹੀ ਨਾਟਕ ਦੀ ਸਟੇਜ ਪੇਸ਼ਕਾਰੀ ਵੀ ਸੰਭਵ ਹੁੰਦੀ ਹੈ। ਨਾਟਕ ਦੀ ਅਣਹੋਂਦ ਵਿੱਚ, ਰੰਗਮੰਚ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਅਤੇ ਰੰਗਮੰਚ ਦੀ ਅਣਹੋਂਦ ਵਿੱਚ, ਨਾਟਕ ਕੇਵਲ ਪਾਠਕ ਵਿਧਾ ਹੀ ਰਹਿ ਜਾਂਦਾ ਹੈ। ਪੰਜਾਬੀ ਸਾਹਿਤਕ ਸਫ਼ਰ ਵਿੱਚ ਨਾਟਕਕਾਰਾਂ ਦਾ ਵਿਸ਼ੇਸ਼ ਯੋਗਦਾਨ ਦੇਖਿਆ ਜਾ ਸਕਦਾ ਹੈ। ਬਲਵੰਤ ਗਾਰਗੀ ਨੇ ਜਿਸ ਤਰ੍ਹਾਂ ਨਾਟਕਾਂ ਨੂੰ ਆਮ ਲੋਕਾਂ ਤੱਕ ਪਹੁੰਚਾਇਆ। ਪੰਜਾਬੀ ਸਾਹਿਤ ਵਿੱਚ ਇਸ ਯੋਗਦਾਨ ਦੀ ਹਮੇਸ਼ਾ ਸ਼ਲਾਘਾ ਕੀਤੀ ਜਾਂਦੀ ਹੈ। ਨਾਟਕ, ਕਹਾਣੀ ਅਤੇ ਅਦਾਕਾਰੀ ਰਾਹੀਂ ਆਮ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਸਹੀ ਸੇਧ ਦਿੱਤੀ ਗਈ। ਡਾ. ਹਰਚਰਨ ਸਿੰਘ, ਡਾ. ਕਪੂਰ ਸਿੰਘ ਘੁੰਮਣ, ਡਾ.ਆਤਮਜੀਤ , ਅਜਮੇਰ ਸਿੰਘ ਔਲਖ, ਵਰਗੇ ਕਹਾਣੀਕਾਰਾਂ ਅਤੇ ਨਾਟਕਕਾਰਾਂ ਦਾ ਇਸ ਵਿੱਚ ਵਿਸ਼ੇਸ਼ ਯੋਗਦਾਨ ਸੀ। ਨਾਟਕਕਾਰ ਰਮੇਸ਼ ਗਰਗ ਨੂੰ ਪੰਜਾਬੀ ਨਾਟਕ ਲੇਖਣ ਦੀ ਨਵੀਂ ਨਾਟਕ ਪਰੰਪਰਾ ਨੂੰ ਇੱਕ ਵਿਆਪਕ ਰਚਨਾਤਮਕ ਅਤੇ ਠੋਸ ਲਹਿਰ ਵਜੋਂ ਸਥਾਪਤ ਕਰਨ ਦਾ ਸਿਹਰਾ ਰਮੇਸ਼ ਨੂੰ ਜਾਂਦਾ ਹੈ। ਆਮ ਤੌਰ 'ਤੇ ਗਾਰਗੀ ਦੀ ਪਰੰਪਰਾ ਵਿਚ ਰਮੇਸ਼ ਨੂੰ ਨਾਟਕਕਾਰ ਕਿਹਾ ਜਾ ਸਕਦਾ ਹੈ। ਕਿਉਂਕਿ ਇਤਿਹਾਸਕਤਾ, ਇਸਤਰੀ ਪਾਤਰਾਂ ਦੀ ਪ੍ਰਬਲਤਾ, ਭਾਵੁਕਤਾ ਅਤੇ ਕਾਵਿਕਤਾ ਉਸ ਦੇ ਨਾਟਕਾਂ ਵਿੱਚ ਮੌਜੂਦ ਹੈ। ਫਿਰ ਵੀ ਰਮੇਸ਼ ਗਰਗ ਨੇ ਇਸ ਪਰੰਪਰਾ ਨੂੰ ਨਵੇਂ ਰੂਪ ਵਿਚ ਵਿਕਸਿਤ ਕੀਤਾ ਹੈ ਅਤੇ ਗਾਰਗੀ ਦੀ ਪਰੰਪਰਾ ਤੋਂ ਇਲਾਵਾ ਆਧੁਨਿਕ ਭਾਵਨਾਵਾਂ ਨਾਲ ਨਾਟਕ ਲਿਖੇ ਹਨ। ਉਸ ਨੇ ਆਧੁਨਿਕ ਸੰਵੇਦਨਾਵਾਂ ਅਤੇ ਆਧੁਨਿਕ ਮਨੁੱਖ ਦੇ ਟਕਰਾਅ ਨੂੰ ਪਕੜਨ ਦਾ ਯਤਨ ਕੀਤਾ ਹੈ। ਉਸ ਦੇ ਨਾਟਕਾਂ ਵਿੱਚ ਪਾਤਰਾਂ ਦੀ ਭੀੜ ਨਹੀਂ ਹੈ। ਇਸ ਦੇ ਨਾਲ ਹੀ ਉਸ ਨੇ ਨਾਟਕਾਂ ਦੇ ਪ੍ਰਚਲਿਤ ਰੂਪ ਨੂੰ ਵੀ ਅੱਧ-ਪੱਕੇ ਨਾਟਕਾਂ ਵਿੱਚ ਤੋੜਿਆ ਹੈ।
ਗਰਗ ਦੇ ਨਾਟਕਾਂ ਦੀ ਵਿਸ਼ੇਸ਼ਤਾ ਇਸ ਗੱਲ ਵਿੱਚ ਹੈ ਕਿ ਇਸ ਵਿੱਚ ਪਾਤਰ ਘੱਟ ਤੋਂ ਘੱਟ ਹੁੰਦੇ ਹਨ, ਇਸ ਦਾ ਵਿਸਤਾਰ ਘੱਟ ਹੁੰਦਾ ਹੈ ਪਰ ਉਸਦੇ ਨਾਟਕ ਦੇ ਪਾਤਰ ਉੱਭਰਦੇ ਹਨ ਅਤੇ ਕਥਾਨਕ ਆਪਣੇ ਆਪ ਵਿੱਚ ਸੰਪੂਰਨ ਲੱਗਦਾ ਹੈ। ਉਸਨੇ ਆਪਣੇ ਨਾਟਕ ਵਿੱਚ ਪਾਤਰਾਂ ਦੇ ਪਾਤਰਾਂ ਦੀ ਵਿਆਖਿਆ ਨਹੀਂ ਕੀਤੀ ਗਈ। ਨਾਟਕ ਵਿੱਚ ਕਿਸੇ ਵੀ ਪਾਤਰ ਦੇ ਕਿਰਦਾਰ ਦਾ ਮੁਲਾਂਕਣ ਉਸ ਦੇ ਕੰਮਾਂ, ਕਥਨਾਂ ਅਤੇ ਬੋਲਚਾਲਾਂ ਜਾਂ ਉਸ ਬਾਰੇ ਹੋਰ ਪਾਤਰਾਂ ਵਿਚਕਾਰ ਹੋਈ ਗੱਲਬਾਤ ਦੇ ਆਧਾਰ 'ਤੇ ਹੀ ਹੁੰਦਾ ਹੈ। ਰਮੇਸ਼ ਦੁਆਰਾ ਰਚਿਤ ਨਾਟਕਾਂ ਦੀ ਸਫ਼ਲਤਾ ਬਹੁਤ ਹੱਦ ਤੱਕ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਹ ਪਾਤਰਾਂ ਨੂੰ ਪੇਸ਼ ਕਰਦੇ ਹੋਏ ਯਥਾਰਥਵਾਦੀ ਸਥਿਤੀਆਂ ਦੀ ਸਿਰਜਣਾ ਕਰਨ ਦੇ ਕਿਸ ਹੱਦ ਤੱਕ ਸਮਰੱਥ ਹੈ। ਗਰਗ ਨੇ ਸਮਕਾਲੀ ਸਮੱਸਿਆਵਾਂ ਅਤੇ ਵਰਤਮਾਨ ਭਾਸ਼ਾ ਸ਼ੈਲੀ ਦੀ ਵਰਤੋਂ ਕਰਕੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਆਪਣੇ ਨਾਟਕ ਦਾ ਆਧਾਰ ਬਣਾਇਆ।ਉਸਨੇ ਆਪਣੇ ਨਾਟਕ ਵਿੱਚ ਮਨੁੱਖੀ ਘਟਨਾਵਾਂ ਅਤੇ ਇਸ ਦੇ ਟਕਰਾਅ ਨੂੰ ਸ਼ਾਮਲ ਕੀਤਾ।
ਰਮੇਸ਼ ਗਰਗ ਦਾ ਪਿਛੋਕੜ ਪੇਂਡੂ ਹੋਣ ਕਰਕੇ ਉਹ ਪੇਂਡੂ ਜੀਵਨ ਦੀਆਂ ਸਮੱਸਿਆਵਾਂ ਦੀ ਜਾਣਕਾਰੀ ਰੱਖਦਾ ਹੈ। ਉਸਨੇ ਪੇਂਡੂ ਜਨ – ਜੀਵਨ ਅਤੇ ਇਹਨਾਂ ਲੋਕਾਂ ਦੀਆ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਉਂਦੀਆਂ ਬੜੀ ਢੁਕਵੀਂ ਖੁੱਲ੍ਹੀ-ਡੁੱਲ੍ਹੀ ਤੇ ਸੁਭਾਵਿਕ ਪੇਂਡੂ ਵਾਰਤਾਲਾਪ ਨੂੰ ਬਾਖੂਬੀ ਪੇਸ਼ ਕੀਤਾ ਹੈ। ਰਮੇਸ਼ ਦੇ ਲਿਖੇ ਨਾਟਕਾਂ ਦੀ ਸਭ ਤੋਂ ਵੱਡੀ ਖ਼ੂਬੀ ਮੰਚ ਤੇ ਸਫ਼ਲਤਾ- ਪੂਰਵਕ ਨਾਟਕ ਨਿਭਾਅ ਕਰ ਕੇ ਹੈ। ਵਿਅਕਤੀਗਤ, ਰੁਮਾਂਸਵਾਦ ਤੇ ਚਿੰਨ੍ਹ ਵਾਦ ਅਤੇ ਇਸਦੇ ਨਾਟਕਾਂ ਦਾ ਵਿਸ਼ੇਸ਼ ਲੱਛਣ ਹੈ। ਗਰਗ ਨੇ ਹਰ ਨਾਟਕ ਵਿਚ ਨਵਾਂ ਤਜ਼ਰਬਾ ਕਰਨ ਦੀ ਕੋਸ਼ਿਸ਼ ਕੀਤੀ ਤੇ ਉਸਨੂੰ ਹਰ ਤਜਰਬੇ ਵਿਚ ਸਫਲਤਾ ਮਿਲੀ ਹੈ। 'ਲੈਪਟਾਪ ' ਨਾਟਕ ਵਿਚ ਬਹੁਤ ਹੀ ਸੂਖਮ , ਮਨੋਵਿਗਿਆਨਕ, ਤ੍ਰਾਸਦਿਕ ਸਥਿਤੀ ਨੂੰ ਨਿਭਾਇਆ ਹੈ। ਗਰਗ ਬਹੁਤ ਹੀ ਪ੍ਰਤਿਭਾਵਾਨ ਨਾਟਕਕਾਰ ਹੈ। ਉਸਨੇ ਬਹੁਤ ਸਾਰੇ ਬਾਹਰਲੇ ਰਾਜਾਂ ਆਦਿ ਵਿਚ ਉਥੋਂ ਦੀਆ ਨਾਟਕ ਸ਼ੈਲੀਆਂ ਅਤੇ ਰੰਗਮੰਚ ਕਲਾਂ ਦਾ ਵਿਸ਼ੇਸ਼ ਅਧਿਐਨ ਕੀਤਾ। ਪੰਜਾਬੀ ਦੇ ਇਸ ਉਘੇ ਨਾਟਕਕਾਰ ਦਾ ਜਨਮ 23 ਅਗਸਤ 1960 ਵਿਚ ਬਠਿੰਡਾ ਸ਼ਹਿਰ ਵਿਚ ਸਕੂਲ ਮਾਸਟਰ ਸ੍ਰੀ ਸੀਤਾ ਰਾਮ ਦੇ ਘਰ ਹੋਇਆ। ਮੁਢਲੀ ਸਿੱਖਿਆ ਸ਼ਹਿਰ ਦੇ ਸਥਾਨਿਕ ਸਕੂਲ ਤੋਂ ਪ੍ਰਾਪਤ ਕਰਕੇ ਸਾਲ 1979 ਨੂੰ ਗੋਰਮਿੰਟ ਰਾਜਿੰਦਰਾ ਕਾਲਜ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ। ਨਾਟਕਕਾਰ ਰਮੇਸ਼ ਗਰਗ ਦੀ ਥੀਏਟਰ ਪ੍ਰਤੀ ਬਹੁਪੱਖੀ ਵਚਨਬੱਧਤਾ ਹੈ। ਪਿਛਲੇ 46 ਸਾਲਾਂ ਵਿੱਚ ਇੱਕ ਅਭਿਨੇਤਾ, ਨਾਟਕਕਾਰ, ਨਿਰਦੇਸ਼ਕ ਅਤੇ ਥੀਏਟਰ ਵਿਦਵਾਨ ਵਜੋਂ ਭਾਰਤੀ ਰੰਗਮੰਚ ਵਿੱਚ ਉਨ੍ਹਾਂ ਦਾ ਯੋਗਦਾਨ ਵਿਲੱਖਣ ਹੈ। ਰਮੇਸ਼ ਆਪਣੇ ਨਾਟਕਾਂ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਖੁਦ ਨਿਰਦੇਸ਼ਤ ਅਤੇ ਸੰਸ਼ੋਧਿਤ ਕਰਦੇ ਹਨ, ਇਸ ਲਈ ਉਨ੍ਹਾਂ ਦੇ ਨਾਟਕ ਸਾਹਿਤਕ ਅਤੇ ਕਲਾਤਮਕ ਕਦਰਾਂ-ਕੀਮਤਾਂ ਨੂੰ ਕਾਇਮ ਰੱਖਦੇ ਹੋਏ ਸਟੇਜ 'ਤੇ ਸਾਬਤ ਹੁੰਦੇ ਹਨ। "ਲੈਪਟਾਪ" ਵਿੱਚ, ਰਮੇਸ਼ ਗਰਗ ਕੁਲੀਨ ਕਦਰਾਂ-ਕੀਮਤਾਂ ਤੋਂ ਮੁਕਤ ਹੋ ਕੇ ਅਸਲੀਅਤ ਨਾਲ ਸਿੱਧਾ ਟਕਰਾਉਂਦਾ ਹੈ। ਇੱਥੇ ਵੀ ਸਵਾਲ ਸੰਘਰਸ਼, ਅਸੰਤੁਸ਼ਟੀ ਅਤੇ ਬੇਅੰਤ ਖੋਜ ਦਾ ਹੈ। ਸਿਰਫ਼ ਵਾਤਾਵਰਨ ਹੀ ਵੱਖਰਾ ਹੈ। ਇਹ ਨਾਟਕ ਮੱਧਵਰਗੀ ਮਹਾਂਨਗਰੀ ਜੀਵਨ ਵਿੱਚ ਆਰਥਿਕ ਸੰਕਟ ਅਤੇ ਹੋਂਦ ਦੇ ਸੰਕਟ ਕਾਰਨ ਪਰਿਵਾਰ ਦੇ ਦਰਦ ਨੂੰ ਦਰਸਾਉਂਦਾ ਹੈ। ਇਹ ਨਾਟਕ ਕਈ ਪੱਧਰਾਂ 'ਤੇ ਸੰਕੇਤ ਦਿੰਦਾ ਹੈ।
ਗਰਗ ਪੰਜਾਬੀ ਦਾ ਉਹ ਨਾਟਕਕਾਰ ਹੈ। ਉਸਨੇ ਨਾ ਸਿਰਫ਼ ਨਾਟਕ ਨੂੰ ਯੁੱਗ ਦੀਆਂ ਸਮੱਸਿਆਵਾਂ ਨਾਲ ਜੋੜਿਆ ਸਗੋਂ ਨਾਟਕ ਅਤੇ ਥੀਏਟਰ ਦੇ ਆਪਸੀ ਸਬੰਧਾਂ ਦੀ ਵਿਆਖਿਆ ਕਰਦੇ ਹੋਏ ਥੀਏਟਰ ਵੀ ਕੀਤਾ।

## ਪੰਜਾਬ ਦੀ ਮਿੱਟੀ ਨਾਲ ਜੁੜੀ ਇੱਕ ਇਮੋਸ਼ਨ ਤੇ ਐਕਸ਼ਨ ਭਰਪੂਰ ਫ਼ਿਲਮ 'ਖਿਡਾਰੀ'

ਵਰਲਡ ਪੰਜਾਬੀ ਟਾਈਮਜ਼
ਜਿੰਦ ਜਵੰਦਾ



ਹਿੰਦੀ ਸਿਨੇਮਾ ਵਾਂਗ ਹੁਣ ਪੰਜਾਬੀ ਸਿਨਮਾ ਵਿੱਚ ਵੀ ਵੱਡਾ ਬਦਲਾਅ ਆ ਰਿਹਾ ਹੈ। ਪੰਜਾਬੀ ਸਿਨਮਾ ਨਾਲ ਜੁੜੇ ਨੌਜਵਾਨ ਫ਼ਿਲਮ ਲੇਖਕ, ਨਿਰਦੇਸ਼ਕ ਅਤੇ ਨਿਰਮਾਤਾ ਵੱਖ ਵੱਖ ਨਵੇਂ ਵਿਸ਼ਿਆਂ ਨੂੰ ਲੈ ਕੇ ਤਜਰਬੇ ਕਰ ਰਹੇ ਹਨ। ਇਨ੍ਹਾਂ ਨਵੇਂ ਤਜ਼ਰਬਿਆਂ ਦੀ ਲੜੀ 'ਚ ਹੀ ਦਰਸ਼ਕਾਂ ਨੂੰ ਇਕ ਇਮੋਸ਼ਨ, ਡਰਾਮਾ ਅਤੇ ਜ਼ਬਰਦਸਤ ਐਕਸ਼ਨ ਵਾਲੀ ਮਨੋਰੰਜਨ ਭਰਪੂਰ ਪੰਜਾਬੀ ਫ਼ਿਲਮ 'ਖਿਡਾਰੀ' 9 ਫਰਵਰੀ ਨੂੰ ਦੇਖਣ ਨੂੰ ਮਿਲੇਗੀ।'ਜੀਐਫਐਮ ਫਿਲਮਜ਼' ਅਤੇ 'ਰਵੀਜਿੰਗ ਇੰਟਰਟੇਨਮੈਂਟ' ਦੇ ਬੈਨਰ ਹੇਠ ਬਣੀ ਇਸ ਫ਼ਿਲਮ ਵਿੱਚ ਅਦਾਕਾਰ ਤੇ ਗਾਇਕ ਗੁਰਨਾਮ ਭੁੱਲਰ, ਅਦਾਕਾਰ ਕਰਤਾਰ ਚੀਮਾ ਅਤੇ ਟੀਵੀ ਅਦਾਕਾਰਾ ਸੁਰਭੀ ਜਯੋਤੀ ਇਕੱਠੇ ਸਕ੍ਰੀਨ ਸਾਂਝੀ ਕਰਦੇ ਨਜ਼ਰ ਆਉਣਗੇ।ਸੁਰਭੀ ਜੋਤੀ ਹੁਣ ਤੱਕ ਅਨੇਕਾਂ ਹੀ ਪੰਜਾਬੀ ਅਤੇ ਹਿੰਦੀ ਟੀਵੀ ਸੀਰੀਅਲਾਂ ਵਿੱਚ ਕੰਮ ਕਰ ਚੁੱਕੀ ਹੈ।ਗੁਰਨਾਮ ਭੁੱਲਰ ਆਪਣੀਆਂ ਹੁਣ ਤੱਕ ਆਈਆਂ ਫਿਲਮਾਂ 'ਚ ਰੋਮਾਂਟਿਕ ਕਿਰਦਾਰ ਨਿਭਾਉਂਦੇ ਨਜ਼ਰ ਆਏ ਹਨ ਪਰ ਹੁਣ ਉਹ ਫਿਲਮ 'ਖਿਡਾਰੀ' 'ਚ ਇਕ ਵੱਖਰੇ ਰੂਪ 'ਚ ਨਜ਼ਰ ਆਉਣਗੇ ਅਤੇ ਉਹ ਇੱਕ ਰੈਸਲਰ ਦਾ ਰੋਲ ਅਦਾ ਕਰ ਕਰਨਗੇ।ਨਿਰਦੇਸ਼ਕ ਮਾਨਵ ਸ਼ਾਹ ਵੱਲੋਂ ਨਿਰਦੇਸ਼ਿਤ ਇਸ ਫਿਲਮ ਗੁਰਨਾਮ ਭੁੱਲਰ ਅਤੇ ਸੁਰਭੀ ਜਯੋਤੀ ਤੋਂ ਇਲਾਵਾ ਕਰਤਾਰ ਚੀਮਾ, ਪ੍ਰਭ ਗਰੇਵਾਲ, ਲਖਵਿੰਦਰ ਲੱਖਾ, ਨਵਦੀਪ ਕਲੇਰ ਤੇ ਮਨਜੀਤ ਸਿੰਘ ਆਦਿ ਕਲਾਕਾਰ ਨਜ਼ਰ ਆਉਣਗੇ।ਨਿਰਦੇਸ਼ਕ ਮਾਨਵ ਸ਼ਾਹ ਇਸ ਤੋਂ ਪਹਿਲਾਂ 'ਸਿਕੰਦਰ 2', 'ਜੱਟ ਬ੍ਰਦਰਜ਼' ਅਤੇ 'ਅੜਬ ਮੁਟਿਆਰਾਂ' ਵਰਗੀਆਂ ਕਈ ਸੁਪਰ-ਡੁਪਰ ਹਿੱਟ ਫਿਲਮਾਂ ਦਾ ਨਿਰਦੇਸ਼ਨ ਕਰ ਚੁੱਕੇ ਹਨ।ਨਿਰਮਾਤਾ ਪਰਮਜੀਤ ਸਿੰਘ, ਰਵੀਸ਼ ਅਬਰੋਲ, ਅਕਸ਼ਦੀਪ ਚੈਲੀ ਤੇ ਗਗਨਦੀਪ ਚੈਲੀ ਵਲੋਂ ਪ੍ਰੋਡਿਊਸ ਇਸ ਫ਼ਿਲਮ ਦੀ ਕਹਾਣੀ ਤੇ ਸਕ੍ਰੀਨਪਲੇਅ ਧੀਰਜ ਕੇਦਾਰਨਾਥ ਰਤਨ ਨੇ ਲਿਖੀ ਹੈ ਜੋ ਕਿ ਆਮ ਪੰਜਾਬੀ ਫ਼ਿਲਮਾਂ ਦੀਆਂ ਕਹਾਣੀਆਂ ਤੋਂ ਬਿਲਕੁੱਲ ਹੱਟ ਕੇ ਹੋਵੇਗੀ ਅਤੇ ਦਰਸ਼ਕਾਂ ਨੂੰ ਇਸ ਫਿਲਮ 'ਚ ਇਕ ਅਲੱਗ ਕਹਾਣੀ ਦੇਖਣ ਨੂੰ ਮਿਲੇਗੀ ਕਿ ਕਿਵੇਂ ਇਕ ਬੰਦਾ ਮੈਦਾਨ ਦੀ ਖੇਡ ਦੇ ਨਾਲ-ਨਾਲ ਜ਼ਿੰਦਗੀ ਦੀ ਖੇਡ ਵੀ ਖੇਡਦਾ ਹੈ।ਇਸ ਫਿਲਮ ਵਿੱਚ ਇਕ ਖਿਡਾਰੀ ਦੀ ਜਿੰਦਗੀ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ ਅਤੇ ਕਰਤਾਰ ਚੀਮਾ ਤੇ ਗੁਰਨਾਮ ਭੁੱਲਰ ਦੋਵੇਂ ਹੀ ਕੁਸ਼ਤੀ ਦੇ ਖਿਡਾਰੀਆਂ ਦਾ ਕਿਰਦਾਰ ਨਿਭਾ ਰਹੇ ਹਨ।ਡਾਇਲਾਗ ਲੇਖਨ ਧੀਰਜ ਰਤਨ ਦੇ ਨਾਲ-ਨਾਲ ਗੁਰਪ੍ਰੀਤ ਭੁੱਲਰ ਅਤੇ ਜਿੰਮੀ ਰਾਮਪਾਲ ਵੱਲੋਂ ਕੀਤਾ ਗਿਆ ਹੈ।

